# (ਸਿਰਫ ਨਮੂਨੇ ਲਈ)
# ਮੁਢਲੇ ਹੁਨਰਾਂ ਦਾ ਅਨੁਮਾਨ 2010
# ਵਿਦਿਆਰਥੀ ਦਾ ਨਤੀਜਾ – ਗਰੇਡ 4

**ਵਿਦਿਆਰਥੀ ਦਾ ਨਾਂ:** **ਪੀ ਈ ਐੱਨ:**
**ਸਕੂਲ ਦਾ ਨਾਂ/ਸਕੂਲ ਕੋਡ:**

| | | **ਸੂਬਾਈ ਮਿਆਰਾਂ ਮੁਤਾਬਕ, ਤੁਹਾਡੇ ਬੱਚੇ ਦੇ ਨੰਬਰ, ਇਸ ਖਾਨੇ ਵਿਚ ਦੱਸੇ ਗਏ ਕਾਰਗੁਜ਼ਾਰੀ ਦੇ ਪੱਧਰਾਂ ਵਿੱਚੋਂ ਕਿਸੇ ਇਕ ਪੱਧਰ ਵਿਚ ਆਉਂਦੇ ਹਨ।** | | | |
|---|---|---|---|---|---|
| | **ਤੁਹਾਡੇ ਬੱਚੇ ਦੇ ਨੰਬਰ** | ਇਸ ਰੇਂਜ ਵਾਲੇ ਵਿਦਿਆਰਥੀ ਅਜੇ ਉਮੀਦਾਂ ਪੂਰੀਆਂ ਨਹੀਂ ਕਰ ਰਹੇ | ਇਸ ਰੇਂਜ ਵਾਲੇ ਵਿਦਿਆਰਥੀ ਉਮੀਦਾਂ ਪੂਰੀਆਂ ਕਰ ਰਹੇ ਹਨ | ਇਸ ਰੇਂਜ ਵਾਲੇ ਵਿਦਿਆਰਥੀ ਉਮੀਦਾਂ ਤੋਂ ਅਗਾਂਹ ਲੰਘ ਰਹੇ ਹਨ | ਵਿਦਿਆਰਥੀ ਦੀ ਕਾਰਗੁਜ਼ਾਰੀ ਦਾ ਪੱਧਰ ਅਣਜਾਣਿਆ ਹੈ |
| ਪੜ੍ਹਨਾ | **19** | **0 - 17** | **18 - 33** | **34 - 44** | **—** |
| ਲਿਖਣਾ | **—** | **0 - 5** | **6 - 9** | **10 - 12** | **—** |
| ਹਿਸਾਬ | **40** | **0 - 16** | **17 - 37** | **38 - 48** | **—** |

## ਮੁਢਲੇ ਹੁਨਰਾਂ ਦੇ ਅਨੁਮਾਨ ਬਾਰੇ

- ਐੱਫ ਐੱਸ ਏ ਤਿੰਨ ਟੈੱਸਟਾਂ ਦਾ ਇਕ ਸੈੱਟ ਹੈ। ਇਸ ਵਿਚ ਸੂਬਾਈ ਪਾਠਕ੍ਰਮ ਵਿਚਲੇ ਤਿੰਨ ਮਹੱਤਵਪੂਰਨ ਹੁਨਰ, ਪੜ੍ਹਨਾ, ਲਿਖਣਾ ਅਤੇ ਹਿਸਾਬ ਆਉਂਦੇ ਹਨ।
- ਐੱਫ ਐੱਸ ਏ, ਵਿਦਿਆਰਥੀਆਂ ਵਲੋਂ ਕਈ ਸਕੂਲ ਸਾਲਾਂ ਵਿਚ ਹਾਸਲ ਕੀਤੇ ਗਏ ਹੁਨਰਾਂ ਨੂੰ ਮਿਣਦਾ ਹੈ, ਨਾ ਕਿ ਸਿਰਫ ਇਕ ਸਾਲ ਵਿਚਲੇ ਹੁਨਰਾਂ ਨੂੰ।

## ਐੱਫ ਐੱਸ ਏ ਦੇ ਨੰਬਰਾਂ ਬਾਰੇ

- ਪੜ੍ਹਨ ਅਤੇ ਹਿਸਾਬ ਦੇ ਟੈੱਸਟ, ਬਹੁ-ਚੋਣਾਂ (ਮਲਟੀਪਲ ਚੁਆਇਸ) ਵਾਲੇ ਸਵਾਲਾਂ ਅਤੇ ਜਵਾਬਾਂ ਤੋਂ ਬਣੇ ਹੁੰਦੇ ਹਨ। ਲਿਖਣ ਵਾਲੇ ਭਾਗ ਵਿਚ ਦੋ ਲਿਖਤੀ ਟੈੱਸਟ ਹੁੰਦੇ ਹਨ – ਇਕ ਛੋਟਾ ਅਤੇ ਇਕ ਵੱਡਾ।
- ਪੜ੍ਹਨ ਅਤੇ ਹਿਸਾਬ ਦੇ ਟੈੱਸਟਾਂ ਦੇ ਨੰਬਰ, ਬਹੁ-ਚੋਣਾਂ ਵਾਲੇ ਸਵਾਲਾਂ ਦੇ ਸਹੀ ਜਵਾਬਾਂ ਅਤੇ ਲਿਖਤੀ ਜਵਾਬਾਂ ਦੇ ਨੰਬਰਾਂ ਦੇ ਸੁਮੇਲ ਹੁੰਦੇ ਹਨ। ਲਿਖਤੀ ਟੈੱਸਟਾਂ ਦੇ ਨੰਬਰ, ਦੋ ਲਿਖਤੀ ਕਾਰਜਾਂ ਦੇ ਨੰਬਰਾਂ ’ਤੇ ਆਧਾਰਿਤ ਹੁੰਦੇ ਹਨ। ਹਰ ਲਿਖਤੀ ਜਵਾਬ ਦੇ 4 ਪੋਆਇੰਟ ਹੁੰਦੇ ਹਨ, ਲੰਮੀ ਲਿਖਤ ਤੋਂ ਬਿਨਾਂ ਜਿਸ ਦੇ ਨੰਬਰ ਦੋ ਨਾਲ ਗੁਣਾ ਕੀਤੇ ਜਾਂਦੇ ਹਨ। ਜਿਹੜੇ ਵਿਦਿਆਰਥੀ ਟੈੱਸਟ ਦੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੰਦੇ ਉਨ੍ਹਾਂ ਨੂੰ ਉਸ ਟੈੱਸਟ ਲਈ ‘ਕਾਰਗੁਜ਼ਾਰੀ ਦਾ ਪੱਧਰ ਅਣਜਾਣਿਆ ਹੈ’ ਸ਼੍ਰੇਣੀ ਅਧੀਨ ਰੱਖਿਆ ਜਾਂਦਾ ਹੈ।
- ਐੱਫ ਐੱਸ ਏ ਦੇ ਨੰਬਰ ਲੈਟਰ ਗਰੇਡ ਜਾਂ ਪ੍ਰਤੀਸ਼ਤਾਂ ਨਹੀਂ ਹਨ; ਉਹ ਵਿਦਿਆਰਥੀਆਂ ਦੇ ਰਿਪੋਰਟ ਕਾਰਡ ਦੇ ਨੰਬਰਾਂ ਵਿਚ ਨਹੀਂ ਗਿਣੇ ਜਾਂਦੇ। ਤੁਹਾਡੇ ਬੱਚੇ ਦੇ ਐੱਫ ਐੱਸ ਏ ਦੇ ਨੰਬਰਾਂ ਦਾ ਮਕਸਦ, ਰਿਪੋਰਟ ਕਾਰਡ ਦੇ ਨੰਬਰਾਂ ਅਤੇ ਕਲਾਸਰੂਮ ਅਸੈੱਸਮੈਂਟਾਂ ਵਰਗੇ ਹੋਰ ਕਦਮਾਂ ਦੇ ਪੂਰਕ ਬਣਨਾ ਹੈ। ਜੇ ਤੁਹਾਡੇ ਬੱਚੇ ਦੇ ਨਤੀਜੇ ਇਕਸਾਰ ਨਾ ਦਿਖਾਈ ਦੇਣ ਤਾਂ ਜ਼ਿਆਦਾ ਜਾਣਕਾਰੀ ਲਈ ਉਸ ਦੇ ਕਲਾਸਰੂਮ ਟੀਚਰ ਤੋਂ ਪੁੱਛੋ।
- ਬਹੁ-ਚੋਣਾਂ (ਮਲਟੀਪਲ ਚੁਆਇਸ) ਵਾਲੇ ਸਵਾਲਾਂ ਦੇ ਨੰਬਰ ਆਪਣੇ ਆਪ ਲੱਗਦੇ ਹਨ। ਲਿਖਤੀ ਕੰਮ ਦੇ ਨੰਬਰ ਤੁਹਾਡੇ ਸਕੂਲ ਜ਼ਿਲ੍ਹੇ ਜਾਂ ਆਜ਼ਾਦ ਸਕੂਲ ਵਲੋਂ ਲਾਏ ਜਾਂਦੇ ਹਨ। ਨੰਬਰ ਲਾਉਣ ਵਾਲੇ, ਨੰਬਰ ਲਾਉਣ ਬਾਰੇ ਸੂਬਾਈ ਗਾਈਡਾਂ ਦੀ ਵਰਤੋਂ ਕਰਨ ਵਿਚ ਟਰੇਂਡ ਹੁੰਦੇ ਹਨ, ਜੋ ਕਿ ਬੀ ਸੀ ਦੇ ਕਾਰਗੁਜ਼ਾਰੀ ਦੇ ਮਿਆਰਾਂ ਤੋਂ ਅਪਣਾਈਆਂ ਗਈਆਂ ਹੁੰਦੀਆਂ ਹਨ, ਅਤੇ ਇਸ ਤਰ੍ਹਾਂ ਉਹ ਨੰਬਰ ਲਾਉਣ ਦੇ ਕੰਮ ਵਿਚ ਆਪਣੀ ਪੇਸ਼ਾਵਰ ਮਹਾਰਤ ਵਰਤਦੇ ਹਨ।

ਐੱਫ ਐੱਸ ਏ ਬਾਰੇ ਹੋਰ ਜਾਣਕਾਰੀ, ਸਟੂਡੈਂਟ ਰਿਸਪੌਂਸ ਕਿਤਾਬਚੇ ਦੇ ਪਿਛਲੇ ਕਵਰ ’ਤੇ ਅਤੇ **www.bced.gov.bc.ca/assessment/fsa** ਵੈੱਬਸਾਈਟ ਤੋਂ ਮਿਲਦੀ ਹੈ।